ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-6
ਜਮਾਤ-ਦਸਵੀਂ
ਮਿਤੀ-30.03.2020

# ਵਿਆਕਰਨ

01.ਵਿਆਕਰਨ ਕਿਸ ਨੂੰ ਕਹਿੰਦੇ ਹਨ?

**ਉੱਤਰ:-** ਕਿਸੇ ਵੀ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ **ਨਿਯਮਾਂ ਦੇ ਸਮੂਹ** ਨੂੰ **ਵਿਆਕਰਨ** ਕਿਹਾ ਜਾਂਦਾ ਹੈ। ਇਸ ਪ੍ਰਕਾਰ ਵਿਆਕਰਨ ਉਹ ਵਿੱਦਿਆ ਹੈ ਜਿਸ ਵਿੱਚ ਭਾਸ਼ਾ ਦੇ ਨਿਯਮਾਂ ਨੂੰ ਜਾਣਿਆ ਤੇ ਸਮਝਿਆ ਜਾਂਦਾ ਹੈ।

2. ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਿਉਂ ਕਰਨੀ ਪੈਂਦੀ ਹੈ?

**ਉੱਤਰ:- ਸਮੇਂ ਦੀ ਚਾਲ ਨਾਲ਼ ਭਾਸ਼ਾ ਬਦਲਦੀ ਰਹਿੰਦੀ ਹੈ ਅਤੇ ਭਾਸ਼ਾ ਦੇ ਨਿਯਮ ਵੀ ਬਦਲਦੇ ਹਨ**। ਇਸ ਕਰਕੇ ਸਮੇਂ-ਸਮੇਂ ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਰਨੀ ਪੈਂਦੀ ਹੈ।

3.ਵਿਆਕਰਨ ਦੀ ਪੜ੍ਹਾਈ ਪੜ੍ਹਨੀ ਕਿਉਂ ਜ਼ਰੂਰੀ ਹੈ?

**ਉੱਤਰ:-** ਕਿਸੇ ਵੀ ਭਾਸ਼ਾ ਦੇ **ਸ਼ੁੱਧ ਅਤੇ ਮਿਆਰੀ ਸਰੂਪ ਨੂੰ ਸਮਝਣ ਲਈ** ਵਿਆਕਰਨ ਦੀ ਪੜ੍ਹਾਈ ਪੜ੍ਹਨੀ ਜ਼ਰੂਰੀ ਹੈ। ਇਸ ਤੋਂ ਇਲਾਵਾ ਹੋਰ **ਰਾਸ਼ਟਰੀ ਅਤੇ ਅੰਤਰਰਾਸ਼ਟਰੀ ਭਾਸ਼ਾਵਾਂ ਸਿੱਖਣ** ਲਈ ਤਾਂ ਵਿਆਕਰਨ ਦੀ ਪੜ੍ਹਾਈ ਪੜ੍ਹਨੀ ਹੋਰ ਵੀ ਜ਼ਰੂਰੀ ਹੈ।

4. ਬੋਲ-ਚਾਲ ਦੀ ਭਾਸ਼ਾ ਵਿੱਚ ਵਿਆਕਰਨਿਕ ਨਿਯਮਾਂ ਤੋਂ ਲਈ ਜਾਂਦੀ ਖੁੱਲ੍ਹ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ?

**ਉੱਤਰ:-** ਬੋਲ-ਚਾਲ ਸਮੇਂ ਬੋਲਣ ਵਾਲ਼ਾ ਆਮ ਤੌਰ ’ਤੇ ਆਪਣੇ ਸਰੋਤੇ ਦੇ ਸਨਮੁਖ ਹੁੰਦਾ ਹੈ ਇਸ ਲਈ ਉਹ ਵਿਆਕਰਨਿਕ ਨਿਯਮਾਂ ਤੋਂ ਲਈ ਜਾਂਦੀ ਖੁਲ੍ਹ ਨੂੰ **ਗੱਲ ਦੁਹਰਾ ਕੇ, ਚਿਹਰੇ ਦੇ ਪ੍ਰਭਾਵਾਂ ਜਾਂ ਇਸ਼ਾਰਿਆਂ ਦੀ ਸਹਾਇਤਾ ਨਾਲ਼** ਪੂਰਾ ਕਰ ਲੈਂਦਾ ਹੈ।

5. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ?

**ਉੱਤਰ:-** ਵਿਆਕਰਨ ਦੇ ਹੇਠ ਲਿਖੇ ਚਾਰ ਅੰਗ ਹਨ:

| | |
|---|---|
| ਧੁਨੀਆਂ ਦਾ ਅਧਿਐਨ: | **ਧੁਨੀ-ਬੋਧ** |
| ਸ਼ਬਦਾਂ ਦਾ ਅਧਿਐਨ- | **ਸ਼ਬਦ-ਬੋਧ** |
| ਵਾਕਾਂ ਦਾ ਅਧਿਐਨ- | **ਵਾਕ-ਬੋਧ** |
| ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦਾ ਅਧਿਐਨ: | **ਅਰਥ-ਬੋਧ** |

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377